
# ਵਾਯੂ ਅਧਿਐਨ

# ਕਨਾਨ ਦੀਆਂ ਸਰਹੱਦਾਂ ਨਾਲ ਸੰਬੰਧਤ ਥਾਵਾਂ

# (34:1-12)



# ਮਿਸਰ ਤੋਂ ਕਨਾਨ ਵੱਲ ਨੂੰ ਇਸਰਾਏਲੀਆਂ ਸਫ਼ਰ[1]

*ਮਿਸਰ ਤੋਂ ਸੀਨਈ ਤੱਕ*

| | |
|---|---|
| **ਕੂਚ 12:37, 40** | **430 ਵਰਿਹਾਂ ਬਾਅਦ ਇਸਰਾਏਲੀਆਂ ਦਾ ਮਿਸਰ ਵਿੱਚੋਂ ਨਿੱਕਲਣਾ।** |
| **ਕੂਚ 14:26-31** | **ਸਮੁੰਦਰ ਵਿੱਚੋਂ ਬਚਾਉਣਾ।** |
| **ਕੂਚ 15:22-25** | **ਸੂਰ ਦੀ ਉਜਾੜ ਵਿਚ; ਕੌੜਾ ਪਾਣੀ ਮਿੱਠਾ ਬਣਾਇਆ ਗਿਆ।** |
| **ਕੂਚ 16** | **ਮੰਨ ਅਤੇ ਬਟੇਰੇ ਦਿੱਤੇ ਗਏ।** |
| **ਕੂਚ 17:1-13** | **ਰਫ਼ੀਦੀਮ ਵਿਚ ਇਸਰਾਏਲੀਆਂ ਹੱਥੋਂ ਅਮਾਲੇਕ ਦੀ ਹਾਰ, ਮੂਸਾ ਦੇ ਹੱਥ ਹਾਰੂਨ ਅਤੇ ਹੂਰ ਨੇ ਚੁੱਕ ਕੇ ਰੱਖੇ।** |
| **ਕੂਚ 18** | **ਯਿਥਰੋ ਦਾ ਇਸਰਾਏਲ ਦੌਰਾ; ਨਿਆਂਇਕ ਅਧਿਕਾਰ ਸੌਂਪਿਆ ਗਿਆ।** |

*ਸੀਨਈ ਪਹਾੜ ਉੱਤੇ*

| | |
|---|---|
| **ਕੂਚ 19** | **ਤੀਜੇ ਮਹੀਨੇ ਵਿਚ: ਸੀਨਈ ਦੀ ਉਜਾੜ ਵਿਚ ਪਹੁੰਚਣਾ; ਨੇਮ ਬੰਨ੍ਹਿਆ ਗਿਆ।** |
| **ਕੂਚ 20-23** | **ਬਿਧੀਆਂ ਦਿੱਤੀਆਂ ਗਈਆਂ: "ਨੇਮ ਸੰਹਿਤਾ।"** |
| **ਕੂਚ 24:1-8** | **ਨੇਮ ਦੀ ਲਹੂ ਨਾਲ ਪੁਸ਼ਟੀ ਕੀਤੀ ਗਈ।** |
| **ਕੂਚ 31** | **ਡੇਹਰੇ ਨੂੰ ਬਣਾਉਣ ਲਈ ਕਾਮੇ ਨਿਯੁਕਤ ਕੀਤੇ ਗਏ।** |
| **ਕੂਚ 32** | **ਪਾਪ: ਸੋਨੇ ਦੇ ਵੱਛੇ ਦੀ ਪੂਜਾ।** |
| **ਕੂਚ 35:4-39:42** | **ਡੇਹਰਾ ਬਣਾਇਆ ਗਿਆ ਅਤੇ ਜਾਜਕਾਂ ਦੇ ਬਸਤ੍ਰ ਬਣਾਏ ਗਏ।** |
| **ਕੂਚ 40:17** | **ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ: ਡੇਹਰੇ ਦਾ ਕੰਮ ਸੰਪੂਰਨ ਕੀਤਾ ਗਿਆ ਅਤੇ ਇਹ ਪਰਤਾਪ ਨਾਲ ਭਰ ਗਿਆ (40:34)।** |
| **ਲੇਵੀਆਂਲੇਵੀਆਂ** | **ਲੇਵੀਆਂਲੇਵੀਆਂ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਸੀਨਈ ਵਿਖੇ ਵਰਹੇ ਦੌਰਾਨ ਦਿੱਤੀਆਂ ਗਈਆਂ ਸਨ।** |
| **ਲੇਵੀਆਂ 8-10** | **ਜਾਜਕਾਂ ਦਾ ਪਵਿੱਤ੍ਰ ਕੀਤਾ ਜਾਣਾ; ਭੇਟਾਂ ਚੜ੍ਹਾਉਣਾ; ਨਾਦਾਬ ਅਤੇ ਅਬੀਹੂ ਦਾ ਪਾਪ।** |
| **ਲੇਵੀਆਂ 24:10-23** | **ਕੁਫ਼ਰ ਬਕਣ ਵਾਲੇ ਦੀ ਮੌਤ।** |
| **ਗਿਣਤੀ 1:1-4:49** | **ਦੂਜੇ ਵਰਹੇ ਦੀ ਦੂਜੇ ਮਹੀਨੇ ਦੇ ਪਹਿਲੇ ਦਿਨ: ਗਿਣਤੀ ਕੀਤੀ ਗਈ।** |
| **ਗਿਣਤੀ 7:2-88** | **ਡੇਹਰੇ ਲਈ ਭੇਟਾਂ ਜੋ ਇਸ ਦੇ ਪੂਰਾ ਹੋਣ ਤੋਂ ਬਾਅਦ ਵੱਖ-ਵੱਖ ਗੋਤਾਂ ਦੁਆਰਾ ਚੜ੍ਹਾਈਆਂ ਗਈਆਂ।** |
| **ਗਿਣਤੀ 10:11, 12** | **ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਵੀਹਵੇਂ ਦਿਨ: ਪਰਜਾ ਦਾ ਸੀਨਈ ਤੋਂ ਕੂਚ ਕਰਨਾ।** |

*ਸੀਨਈ ਤੋਂ ਕਾਦੇਸ਼ ਤੱਕ*

| | |
|---|---|
| ਗਿਣਤੀ 11:1-3 | ਪਰਜਾ ਦਾ ਬੁੜ ਬੂੜਾਉਣਾ ਅਤੇ ਸਜ਼ਾ। |
| ਗਿਣਤੀ 11:4-35 | ਪਰਜਾ ਦਾ ਬੁੜ ਬੁੜਾਉਣਾ; ਪਰਮੇਸ਼ੁਰ ਦੁਆਰਾ ਬਟੇਰਿਆਂ ਦਾ ਪ੍ਰਬੰਧ; ਬਵਾ। |
| ਗਿਣਤੀ 12:1-15 | ਮਿਰਯਮ ਅਤੇ ਹਾਰੂਨ ਦਾ ਵਿਦਰੋਹ। |

*38 ਸਾਲਾਂ ਤੋਂ ਕਾਦੇਸ਼ ਦੇ ਆਲੇ-ਦੁਆਲੇ ਉਜਾੜ ਵਿਚ*

| | |
|---|---|
| ਗਿਣਤੀ 12:16-13:33 | ਇਸਰਾਏਲੀਆਂ ਦਾ ਪਾਰਾਨ ਦੀ ਉਜਾੜ ਵਿਚ ਡੇਰਾ ਲਾਉਣਾ; ਉੱਥੋਂ ਖੋਜ ਕੱਢਣ ਵਾਲਿਆਂ ਨੂੰ ਭੇਜਿਆ ਜਾਣਾ; ਖੋਜ ਕੱਢਣ ਵਾਲਿਆਂ ਦਾ ਪਾਰਾਨ ਵਿਚ ਵਾਪਸ ਪਰਤਣਾ, ਕਾਦੇਸ਼ ਵਿਚ (13:26) ਅਤੇ ਉਨ੍ਹਾਂ ਦੀ ਬੁਰੀ ਖ਼ਬਰ। |
| ਗਿਣਤੀ 14:1-35 | ਪਰਜਾ ਦਾ ਬੁੜ ਬੁੜਾਉਣਾ ਅਤੇ ਪਰਮੇਸ਼ੁਰ ਦਾ ਐਲਾਨ ਕਿ ਵੀਹ ਵਰਿਹਾਂ ਦੇ ਅਤੇ ਉਸ ਦੇ ਉੱਪਰ ਦੇ (ਯਹੋਸ਼ੁਆ ਅਤੇ ਕਾਲੇਬ ਨੂੰ ਛੱਡ ਕੇ) ਉਜਾੜ ਵਿਚ ਮਾਰ ਜਾਣਗੇ। |
| ਗਿਣਤੀ 14:39-45 | ਅਮਾਲੇਕੀਆਂ ਅਤੇ ਕਨਾਨੀਆਂ ਦੇ ਹੱਥੋਂ ਇਸਰਾਏਲੀਆਂ ਦੀ ਹਾਰ। |
| ਗਿਣਤੀ 15:32-36 | ਸਬਤ ਨੂੰ ਤੋੜਨ ਦੇ ਲਈ ਮਨੁੱਖ ਨੂੰ ਪੱਥਰਾ ਨਾਲ ਮਾਰਿਆ ਜਾਣਾ। |
| ਗਿਣਤੀ 16:1-50 | ਵਿਦਰੋਹ ਅਤੇ ਕੋਰਹ, ਦਾਥਾਨ ਅਤੇ ਅਬੀਰਾਮ ਦੀ ਮੌਤ। |
| ਗਿਣਤੀ 17:1-11 | ਮੂਸਾ ਨੂੰ ਪਰਮੇਸ਼ੁਰ ਦੀ ਸਾਖੀ ਅਤੇ ਅਗਵਾਈ ਕਰਨ ਦੇ ਲਈ ਹਾਰੂਨ ਦਾ ਹੱਕ। |
| ਗਿਣਤੀ 20:1 | ਕਾਦੇਸ਼ ਵਿਚ ਸੀਨ ਦੀ ਉਜਾੜ ਵਿਚ, ਚਾਲ੍ਹੀਵੇਂ ਵਰਹੇ ਦੇ ਪਹਿਲੇ ਮਹੀਨੇ: ਮਿਰਯਮ ਦੀ ਮੌਤ। |
| ਗਿਣਤੀ 20:2-13 | ਪਰਜਾ ਲਈ ਪਾਣੀ; ਮੂਸਾ ਦਾ ਪਾਪ। |
| ਬਿਵਸਥਾ ਸਾਰ 1:46 | ਕਾਦੇਸ਼ ਵਿਚ ਬਹੁਤ ਦਿਨਾਂ ਤੀਕ। |
| ਬਿਵਸਥਾ ਸਾਰ 2:1-3, 14 | ਉਜਾੜ ਵਿਚ ਜਾਣਾ; ਉੱਤਰ ਵੱਲ ਮੁੜਨ ਲਈ ਪਰਮੇਸ਼ੁਰ ਦੇ ਹੁਕਮ ਤੋਂ ਪਹਿਲਾਂ ਸੇਈਰ ਪਹਾੜ ਦੇ ਆਲੇ ਦੁਆਲੇ “ਬਹੁਤਿਆਂ ਦਿਨਾਂ ਤੀਕ” ਟਿਕਣਾ; ਜ਼ਰਦ ਦੀ ਵਾਦੀ ਪਾਰ ਕਰਨ ਤੋਂ ਪਹਿਲਾਂ ਅਠੱਤੀ ਵਰਿਹਾਂ ਦੇ ਲਈ ਉਜਾੜ ਵਿਚ ਭਟਕਣ ਲਈ ਕਾਦੇਸ਼ ਵਿੱਚੋਂ ਨਿੱਕਲਣਾ (ਗਿਣਤੀ 21:10-12)। |

*ਮੋਆਬ ਦੇ ਮਦਾਨ ਵੱਲ*

| | |
|---|---|
| ਗਿਣਤੀ 20:14-21 | ਇਸਰਾਏਲੀਆਂ ਨੂੰ ਅਦੋਮ ਦੇ ਵਿੱਚੋਂ ਦੀ ਲੰਘਣ ਤੋਂ ਮਨ੍ਹਾ ਕਰ ਦਿੱਤਾ |
| ਗਿਣਤੀ 20:22-29 | ਕਾਦੇਸ਼ ਤੋਂ ਹੋਰ ਪਰਬਤ ਤੱਕ; ਹਰੂਨ ਦੀ ਮੌਤ। |
| ਗਿਣਤੀ 21:1-3 | ਦੱਖਣ ਵਿਚ ਅਰਾਦ ਦੇ ਰਾਜਾ ਦੇ ਹੱਥੋਂ ਇਸਰਾਏਲੀਆਂ ਦੀ ਹਾਰ। |
| ਗਿਣਤੀ 21:4-9 | ਬੁੜ ਬੁੜਾਉਣ ਵਾਲਿਆਂ ਦਾ ਸੱਪਾਂ ਦੁਆਰਾ ਡੱਸਿਆ ਜਾਣਾ। |
| ਗਿਣਤੀ 21:21-35 | ਸੀਹੋਨ ਅਤੇ ਓਗ ਹਾਰ ਗਏ; ਇਸਰਾਏਲੀਆਂ ਦਾ ਉਨ੍ਹਾਂ ਦੀ ਧਰਤੀ ਵਿਚ ਵੱਸਣਾ (21:31, 32)। |

*ਮੋਆਬ ਦੇ ਮਦਾਨ ਵਿਚ*

| | |
|---|---|
| ਗਿਣਤੀ 22-24 | ਇਸਰਾਏਲੀ ਮੋਆਬ ਦੇ ਮਦਾਨ ਵਿਚ (22:1): ਮੋਆਬ, ਮਿਦਯਾਨ ਦਾ ਸਾਹਮਣਾ ਇਸਰਾਏਲ ਦੁਆਰਾ ਕੀਤਾ ਗਿਆ; ਬਾਲਾਕ, ਬਿਲਆਮ। |
| ਗਿਣਤੀ 25:1-5 | ਸ਼ਿੱਟੀਮ ਵਿਚ: ਪਾਪ ਦੇ ਕਾਰਣ ਲੋਕ ਵੱਢੇ ਗਏ। |
| ਗਿਣਤੀ 25:6-18 | ਇਸਰਾਏਲੀ ਮਨੁੱਖ ਅਤੇ ਮਿਦਯਾਨੀ ਤੀਵੀਆਂ ਮਾਰੀਆਂ ਗਈਆਂ; ਇਸਰਾਏਲੀਆਂ ਨੂੰ ਮਿਦਯਾਨੀਆਂ ਨਾਲ ਵੈਰ ਕਰਨ ਦਾ ਹੁਕਮ ਦਿੱਤਾ ਗਿਆ। |
| ਗਿਣਤੀ 26:1-51 | ਦੂਜੀ ਗਿਣਤੀ ਕੀਤੀ ਗਈ। |
| ਗਿਣਤੀ 27 | ਸਲਾਫ਼ਹਾਦ ਦੀਆਂ ਧੀਆਂ ਦਾ ਮਾਮਲਾ; ਯਹੋਸ਼ੁਆ ਨੂੰ ਮੂਸਾ ਦਾ ਵਾਰਸ ਬਣਨ ਦੇ ਲਈ ਚੁਣਿਆ ਗਿਆ। |
| ਗਿਣਤੀ 31 | ਮਿਦਯਾਨੀਆਂ ਦਾ ਨਾਸ। |
| ਗਿਣਤੀ 32 | ਯਰਦਨ ਨਦੀ ਦੇ ਪੂਰਬ ਵਿਚ ਕੁਝ ਇਸਰਾਏਲੀਆਂ ਦਾ ਵੱਸਣਾ। |
| ਗਿਣਤੀ 33:1-40 | ਇਸਰਾਏਲੀਆਂ ਦੇ ਸਫ਼ਰਾਂ ਦਾ ਸਾਰ (ਵੇਖੋ 33:38)। |
| ਗਿਣਤੀ 33:50-56 | ਇਸਰਾਏਲੀਆਂ ਨੂੰ ਕਨਾਨੀਆਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ ਗਿਆ। |
| ਬਿਵਸਥਾ ਸਾਰ 3:27, 29 | ਇਸਰਾਏਲੀਆਂ ਨੇ ਬੈਤ-ਪਓਰ ਵਿਚ ਡੇਰਾ ਲਾਇਆ: ਮੂਸਾ ਨੂੰ ਵਾਅਦੇ ਦੀ ਧਰਤੀ ਨੂੰ ਵੇਖਣ ਦਿਤਾ ਗਿਆ ਪਰ ਇਸ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। |
| ਬਿਵਸਥਾ ਸਾਰ | ਮੂਸਾ ਦੁਆਰਾ ਇਸਰਾਏਲੀਆਂ ਨੂੰ ਸੁਣਾਏ ਗਏ ਵਚਨ, ਬਿਵਸਥਾ ਨੂੰ ਦੁਹਰਾਉਣਾ ਅਤੇ ਵਾਅਦਾ ਕੀਤੇ ਹੋਏ ਦੇਸ ਵਿਚ ਬਿਵਸਥਾ ਦੀ ਪਾਲਣਾ ਕਰਨ ਦੀ ਤਾਕੀਦ ਦੇਣਾ। |
| ਬਿਵਸਥਾ ਸਾਰ 34 | ਮੂਸਾ ਦੀ ਮੌਤ। |

*ਕਨਾਨ ਵਿਚ ਵੜਨਾ*

| | |
|---|---|
| ਯਹੋਸ਼ੁਆ 1-3 | ਵਿਸਤ੍ਰਿਤ ਤਿਆਰੀਆਂ ਤੋਂ ਬਾਅਦ, ਯਹੋਸ਼ੁਆ ਦੀ ਅਗਵਾਈ ਨਾਲ ਇਕਤਾਲੀਵੇਂ ਵਰਹੇ ਦੇ ਪਹਿਲੇ ਮਹੀਨੇ ਦੇ ਦਸਵੇਂ ਦਿਨ ਯਹੋਸ਼ੁਆ ਦੀ ਅਗਵਾਈ ਹੇਠ ਇਸਰਾਏਲੀਆਂ ਦਾ ਯਰਦਨ ਨਦੀ ਨੂੰ ਪਾਰ ਕਰਕੇ ਕਨਾਨ ਵਿਚ ਵੜਨਾ। |

# ਸੀਨਈ ਵਿਚ ਅਤੇ ਉਜਾੜ ਵਿਚ ਕਈ ਸਾਲ

| ਗਿਣਤੀ | | | | | ਬਿਵਸਥਾ ਸਾਰ | ਯਹੋਸ਼ੁਆ |
|---|---|---|---|---|---|---|
| 1:1–10:10<br>ਸੀਨਈ ਵਿਚ<br>(ਆਖਰੀ ਤਿਆਰੀ) | 10:11–12:16<br>ਸੀਨਈ ਤੋਂ<br>ਪਾਰਾਨ ਦੀ<br>ਉਜਾੜ ਤੱਕ | 13:1–20:21<br>ਖੋਜੀਆਂ ਦੀ ਖੋਜ;<br>ਵਿਦਰੋਹ; ਹੁਕਮ:<br>ਉਜਾੜ ਵਿਚ ਭਟਕਣਾ<br>(ਵੇਖੋ ਅਧਿਆਇ 33) | 20:22– 21:35<br>ਕਾਦੇਸ਼ ਤੋਂ<br>ਮੋਆਬ ਤੱਕ | 22:1–36:13<br>ਮੋਆਬ ਦੇ<br>ਮਦਾਨ ਵਿਚ | (5 ਹਫ਼ਤੇ) | |
| ਇਕ ਮਹੀਨੇ ਤੋਂ ਘੱਟ | 2 ਤੋਂ 4 ਮਹੀਨੇ | ਲਗਭਗ 38 ਸਾਲ | 1 ਸਾਲ | | | |
| ਸੀਨਈ ਵਿਚ:<br>ਪਰਮੇਸ਼ੁਰ ਨੇ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ ਮੂਸਾ ਨੂੰ ਲੋਕਾਂ ਦੀ ਗਿਣਤੀ ਕਰਨ ਦੇ ਲਈ ਕਿਹਾ ਸੀ (ਗਿਣਤੀ 1:1; 7:1; 9:15) | ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਵੀਹਵੇਂ ਦਿਨ ਕਨਾਨ ਦੇ ਲਈ ਸੀਨਈ ਤੋਂ ਨਿੱਕਲੇ (ਗਿਣਤੀ 10:11) | ਚਾਲ੍ਹੀਵੇਂ ਵਰਹੇ ਦੇ ਪਹਿਲੇ ਮਹੀਨੇ (?) (ਗਿਣਤੀ 20:1; ਵੇਖੋ ਬਿਵਸਥਾ ਸਾਰ 2:14) | ਚਾਲ੍ਹੀਵੇਂ ਵਰਹੇ ਦੇ ਪੰਜਵੇਂ ਮਹੀਨੇ ਦੇ ਪਹਿਲੇ ਦਿਨ ਹਾਰੂਨ ਦੀ ਮੌਤ (ਗਿਣਤੀ 20:22-29; 33:38) | | 40 ਵਰਿਹਾਂ ਬਾਅਦ ਕਨਾਨ ਦੇ ਕੰਢੇ ਤੇ: ਚਾਲ੍ਹੀਵੇਂ ਵਰਹੇ ਦੇ ਗਿਆਰਵੇਂ ਮਹੀਨੇ ਦੇ ਪਹਿਲੇ ਦਿਨ (ਬਿਵਸਥਾ ਸਾਰ 1:3; 2:7) | ਇਕਤਾਲੀਵੇਂ ਵਰਹੇ ਦੇ ਪਹਿਲੇ ਮਹੀਨੇ ਦੇ ਦਸਵੇਂ ਯਰਦਨ ਪਾਰ ਕਰਕੇ ਕਨਾਨ ਵਿਚ ਵੜੇ (ਯਹੋਸ਼ੁਆ 4:19) |

ਕਾਲਕ੍ਰਮ ਸੂਚਕ ਪਹਿਲੇ ਵਰਹੇ ਦੇ ਪਹਿਲੇ ਮਹੀਨੇ ਦੇ ਪੰਦਰਵੇਂ ਦਿਨ ਇਸਰਾਏਲੀਆਂ ਦੇ ਮਿਸਰ ਨੂੰ ਛੱਡ ਕੇ ਜਾਣ ਨਾਲ ਸ਼ੁਰੂ ਹੁੰਦੇ ਹਨ (ਕੂਚ 12:6, 18; ਗਿਣਤੀ 33:3)। ਦੂਜੇ ਮਹੀਨੇ ਦੇ ਪੰਦਰਵੇਂ ਦਿਨ ਉਹ ਸੀਨ ਦੀ ਉਜਾੜ ਵਿਚ ਆਏ (ਕੂਚ 16:1)। ਫਿਰ, ਉਹ ਪਹਿਲੇ ਵਰਹੇ ਦੇ ਤੀਜੇ ਮਹੀਨੇ ਦੇ ਪੰਦਰਵੇਂ ਦਿਨ ਸੀਨਈ ਵਿਚ ਪਹੁੰਚੇ (ਕੂਚ 19:1, 2)। ਡੇਹਰੇ ਨੂੰ ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ ਖੜ੍ਹਾ ਕੀਤਾ ਗਿਆ ਸੀ (ਕੂਵ 40:17; ਵੇਖੋ ਗਿਣਤੀ 7:1, 10; 9:15)। ਗਿਣਤੀ 9:1-5 ਵਿਚ, ਡੇਹਰੇ ਨੂੰ ਖੜ੍ਹਾ ਕਰਨ ਤੋਂ ਬਾਅਦ ਪਸਾਹ ਨੂੰ ਮਨਾਉਣ ਦੇ ਸੰਬੰਧ ਵਿਚ ਇਕ ਇਤਿਹਾਸਕ ਵਿਰਤਾਂਤ ਦਿੱਤਾ ਗਿਆ ਹੈ। (ਪਸਾਹ ਨੂੰ ਮਨਾਉਣ ਦੇ ਲਈ 9:10, 11 ਵੇਖੋ।) ਇਸ ਚਾਰਟ ਵਿਚ ਛੇ ਵਾਧੂ ਸੂਚਕ ਦਿੱਤੇ ਗਏ ਹਨ।

# ਗਿਣਤੀ 23 ਅਤੇ 24 ਵਿਚ ਪਰਮੇਸ਼ੁਰ ਵੱਲੋਂ ਇਸਰਾਏਲ ਨੂੰ ਬਰਕਤ ਦੇਣ ਲਈ ਬਿਲਆਮ ਦੀਆਂ ਚਾਰ ਨਬੂਵਤਾਂ

| ਵਚਨ ਦਾ ਹਵਾਲਾ | ਥਾਂ | ਇਕ ਰਸਮ ਤੋਂ ਪਹਿਲਾਂ ਨਬੂਵਤ | ਬਾਲਾਕ ਦੀ ਨਿਰਾਸ਼ਾ ਤੋਂ ਬਾਅਦ ਨਬੂਵਤ | ਬਿਲਆਮ ਦੇ ਇਹ ਐਲਾਨ ਕਰਨ ਤੋਂ ਬਾਅਦ ਨਬੂਵਤ ਕਿ ਉਹ ਸਿਰਫ ਉਹੀ ਬੋਲ ਸਕਦਾ ਸੀ ਜੋ ਪਰਮੇਸ਼ੁਰ ਨੇ |
|---|---|---|---|---|
| 23:7-10 | ਕਿਰਯਥ-ਹੁਸੋਥ ਨੇੜੇ ਬਾਮੋਥ ਬਆਲ ਵਿਚ (22:39-41; ਵੇਖੋ NIV) | 23:1-4* | 23:11 | 23:12 |
| 23:18-24 | ਪਿਸਗਾਹ ਦੀ ਟੀਸੀ ਉੱਤੇ ਸੋਫ਼ੀਮ ਦੀ ਰੜ ਵਿਚ (23:14) | 23:14 | 23:25 | 23:26 |
| 24:3-9 | ਪੇਓਰ ਦੀ ਟੀਸੀ ਉੱਤੇ (23:28) | 23:29, 30* | 24:10 | 24:12, 13 |
| 24:15-24 | ਤੀਜੀ ਨਬੂਵਤ ਵਾਂਗ | | | |

*ਬਾਲਾਕ ਨੇ ਇਨ੍ਹਾਂ ਥਾਵਾਂ ਉੱਤੇ ਜਗਵੇਦੀਆਂ ਬਣਾਈਆਂ, ਜਿਵੇਂ ਕਿ ਬਿਲਆਮ ਨੇ ਨਿਰਦੇਸ਼ ਦਿੱਤਾ ਸੀ।

# ਗਿਣਤੀ 23 ਅਤੇ 24 ਵਿਚ ਬਿਲਆਮ ਦੀਆਂ ਨਬੂਵਤਾਂ ਵਿਚ ਪਰਮੇਸ਼ੁਰ ਦੇ ਵਾਅਦਿਆਂ ਨੂੰ ਨਵਾਂ ਕੀਤਾ ਗਿਆ

| | *ਗਿਣਤੀ ਵਿਚ ਬਿਲਆਮ ਦੀਆਂ ਨਬੂਵਤਾਂ* | *ਪਰਮੇਸ਼ੁਰ ਦੇ ਵਾਅਦੇ* |
|---|---|---|
| 1 | ਇਸਰਾਏਲ ਨੇ ਉਹ ਪਰਜਾ ਬਣਨਾ ਸੀ ਜਿਹੜੀ "ਇਕੱਲੀ ਵੱਸਦੀ ਹੈ" (23:9)। | "ਤੁਸੀਂ [ਇਸਰਾਏਲੀ] ਸਾਰੀਆਂ ਕੌਮਾਂ ਵਿੱਚ ਮੇਰੀ ਨਿਜੀ ਪਰਜਾ ਹੋਵੋਗੇ" (ਕੂਚ 19:5; ਵੇਖੋ ਕੂਚ 33:16)। |
| | "ਯਾਕੂਬ ਦੀ ਧੂੜ ਦੇ ਕਿਣਕਿਆਂ ਨੂੰ ਕਿਨ ਗਿਣਿਆ?" (23:10)। | "ਮੈਂ ਤੇਰੀ [ਅਬਰਾਹਾਮ ਦੀ] ਅੰਸ ਧਰਤੀ ਦੇ ਧੂੜ ਵਰਗੀ ਵਧਾਵਾਂਗਾ" ਉਤਪਤ 13:16; ਵੇਖੋ ਉਤਪਤ 22:17)। |
| 2 | "ਉਸ [ਪਰਮੇਸ਼ੁਰ] ਨੇ [ਇਸਰਾਏਲ ਨੂੰ] ਬਰਕਤ ਦਿੱਤੀ" (23:20)। | "ਮੈਂ ਤੈਨੂੰ [ਅਬਰਾਹਾਮ ਨੂੰ] ਦਿਆਂਗਾ" (ਉਤਪਤ 12:2; ਵੇਖੋ ਉਤਪਤ 22:17)। |
| | "ਪਰਮੇਸ਼ੁਰ ਉਹ [ਇਸਰਾਏਲ] ਦੇ ਨਾਲ ਹੈ" (23:21)। | "ਮੈਂ ... ਉਨ੍ਹਾਂ [ਇਸਰਾਏਲੀਆਂ] ਦੇ ਵਿਚਕਾਰ ਵੱਸਾਂ" (ਕੂਚ 29:45, 46; ਵੇਖੋ ਕੂਚ 25:8; ਲੇਵੀਆਂ 26:11, 12)। |
| | "ਏਹ ਪਰਜਾ ਸਿੰਘਣੀ ਵਾਂਙੁ ਉੱਠੇਗੀ, ਅਤੇ ਸਿੰਘ ਵਾਂਙੁ ਆਪਣੇ ਆਪ ਨੂੰ ਖੜਾ ਕਰੇਗੀ, ਉਹ ਨਹੀਂ ਲੇਟੇਗੀ ਜਦ ਤੀਕ ਸ਼ਿਕਾਰ ਨਾ ਖਾ ਲਵੇ ..." (23:24)। | ਤੁਹਾਡੇ [ਇਸਰਾਏਲੀਆਂ ਦੇ] ਵੈਰੀ ਤੁਹਾਡੇ ਅੱਗੇ ਤਲਵਾਰ ਨਾਲ ਡਿੱਗਣਗੇ" (ਲੇਵੀਆਂ 26:7, 8)। |
| 3 | ਤੇਰੇ ਤੰਬੂ ਕੇਡੇ ਚੰਗੇ ਹਨ ... ! ਵਾਦੀ ਵਾਂਙੁ ਓਹ ਫੈਲੇ ਹੋਏ ਹਨ, ਨਹਿਰ ਦੇ ਉੱਤੇ ਦੇ ਬਾਗ਼ਾਂ ਵਾਂਙੁ ਹਨ, ਯਹੋਵਾਹ ਦੇ ਲਾਏ ਹੋਏ ਅਗਰ ਦੇ ਬਿਰਛਾਂ ਵਾਂਙੁ, ਅਤੇ ਪਾਣੀ ਦੇ ਕੰਢੇ ਦੇ ਦਿਆਰ ਵਾਂਙੁ" (24:5, 6)। | ਇਸਰਾਏਲੀਆਂ ਨੂੰ ਉਸ ਧਰਤੀ ਵਿਚ ਲਿਆਂਦਾ ਜਾਵੇਗਾ "ਜਿੱਥੇ ਦੁੱਧ ਅਰ ਸ਼ਹਿਤ ਵਗਦਾ ਹੈ" (ਕੂਚ 3:8), ਜਿੱਥੇ "ਧਰਤੀ ਆਪਣੀ ਖੱਟੀ ਦੇਵੇਗੀ ਅਤੇ ਧਰਤੀ ਦੇ ਬਿਰਛ ਫਲ ਉਗਾਉਣਗੇ" (ਲੇਵੀਆਂ 26:4)। |
| | "ਮੁਬਾਰਕ ਉਹ ਜਿਹੜਾ ਤੈਨੂੰ ਬਰਕਤ ਦੇਵੇ, ਅਤੇ ਸਰਾਪੀ ਉਹ ਜਿਹੜਾ ਤੈਨੂੰ ਸਰਾਪ ਦੇਵੇ" (24:9)। | "ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ" (ਉਤਪਤ 12:3; ਵੇਖੋ 27:29)। |
| 4 | "ਯਾਕੂਬ ਤੋਂ ਇੱਕ ਤਾਰਾ ਚੜ੍ਹੇਗਾ ਅਤੇ ਇਸਰਾਏਲ ਤੋਂ ਇੱਕ ਆਸਾ ਉੱਠੇਗਾ" (24:17)। | "ਤੈਥੋਂ [ਅਬਰਾਹਾਮ ਤੋਂ] ਰਾਜੇ ਨਿੱਕਲਗੇ" (ਉਤਪਤ 17:6; ਵੇਖੋ ਉਤਪਤ 12:3; 49:10)। |

# ਗਿਣਤੀ 28 ਅਤੇ 29 ਵਿਚ ਲੋੜੀਂਦੀਆਂ ਭੇਟਾਂ[1]

| *ਮੌਕਾ* | *ਮਿਤੀ2* | *ਹਵਾਲਾ* | | *ਹੋਮ ਦੀਆਂ ਭੇਟਾਂ* | | *ਪਾਪ ਦੀ ਭੇਟ* |
|---|---|---|---|---|---|---|
| | | | *ਵਹਿੜੇ* | *ਛੱਤ੍ਰੇ* | *ਲੇਲੇ* | *ਬੱਕਰਾ* |
| ਰੋਜ਼ਾਨਾ (ਸਵੇਰੇ, ਸ਼ਾਮ) | ਹਰ ਦਿਨ | 28:3-8 | | | 2 | |
| ਹਫ਼ਤਾਵਾਰ (ਸਬਤ) | ਹਰ ਸਬਤ ਨੂੰ | 28:9, 10 | | | 2 | |
| ਮਹੀਨਾਵਾਰ (ਨਵਾਂ ਚੰਦਰਮਾ) | ਹਰ ਨਵੇਂ ਚੰਦਰਮਾ ਨੂੰ | 28:11-15 | 2 | 1 | 7 | 1 |
| ਸਾਲਾਨਾ ਪਸਾਹ[3] ਅਤੇ | 1/14 | 28:16 | | | | |
| ਪਤੀਰੀ ਰੋਟੀ | 1/15 | 28:17-25 | 2 | 1 | 7 | 1 |
| | 1/16 | 28:17-25 | 2 | 1 | 7 | 1 |
| | 1/17 | 28:17-25 | 2 | 1 | 7 | 1 |
| | 1/18 | 28:17-25 | 2 | 1 | 7 | 1 |
| | 1/19 | 28:17-25 | 2 | 1 | 7 | 1 |
| | 1/20 | 28:17-25 | 2 | 1 | 7 | 1 |
| | 1/21 | 28:17-25 | 2 | 1 | 7 | 1 |
| ਸਾਲਾਨ ਹਫ਼ਤੇ ((ਪਹਿਲੇ ਫਲ) (ਪੈਂਟੀਕਾਸਟ, ਪੂਲੇ ਤੋਂ 50 ਦਿਨਾਂ ਬਾਅਦ) | ਤੀਜਾ ਮਹੀਨਾ | 28:26-31 | 2 | 1 | 7 | 1 |

| *ਮੌਕਾ* | *ਮਿਤੀ*[2] | *ਹਵਾਲਾ* | *ਵਹਿੜੇ* | *ਹੋਮ ਦੀਆਂ ਭੇਟਾਂ* *ਛੱਤ੍ਰੇ* | *ਲੇਲੇ* | *ਪਾਪ ਦੀ ਭੇਟ* *ਬੱਕਰਾ* |
|---|---|---|---|---|---|---|
| ਸਾਲਾਨਾ ਤੁਰ੍ਹੀਆਂ (ਨਵਾਂ ਸਾਲ) | 7/1 | 29:1-6 | 1 | 1 | 7 | 1 |
| ਸਾਲਾਨਾ ਪਰਾਸਚਿਤ ਦਾ ਦਿਨ | 7/10 | 29:7-11 | 1 | 1 | 7 | 1 |
| ਸਾਲਾਨਾ ਡੇਰੇ (ਤੰਬੂ, ਇਕੱਠਾ ਕਰਨਾ) | 7/15 | 29:12-16 | 13 | 2 | 14 | 1 |
| | 7/16 | 29:17-19 | 12 | 2 | 14 | 1 |
| | 7/17 | 29:20-22 | 11 | 2 | 14 | 1 |
| | 7/18 | 29:23-25 | 10 | 2 | 14 | 1 |
| | 7/19 | 29:26-28 | 9 | 2 | 14 | 1 |
| | 7/20 | 29:29-31 | 8 | 2 | 14 | 1 |
| | 7/21 | 29:32-34 | 7 | 2 | 14 | 1 |
| | 7/22 | 29:35-38 | 1 | 1 | 7 | 1 |

[1]ਇਹ ਚਾਰਟ ਰੌਏ ਗੇਨ ਦੀ ਪੁਸਤਕ ਲੈਵੀਟੀਕਸ, ਨੰਬਰਸ, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004), ਸਫ਼ੇ 752-53 ਤੇ ਦਿੱਤੇ ਟੇਬਲਾਂ ਵਿੱਚੋਂ ਲਿਆ ਗਿਆ ਸੀ; ਗੋਰਡਨ ਜੇ. ਵੈਨਹਮ ਨੰਬਰਸ, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 197 ਅਤੇ ਵਿਕਟਰ ਪੀ. ਹੈਮਿਲਟਨ, ਹੈਂਡਬੁਕ ਆਨ ਦ ਪੈਂਟਾਟੁਕ: ਜੈਨੇਸਿਸ-ਡਿਊਟਰੋਨੋਮੀ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1982), 367-68.

[2]ਇਹ ਮਿਤੀਆਂ ਇਬਰਾਨੀ ਕਲੰਡਰ ਅਨੁਸਾਰ ਹਨ।

[3]ਗਿਣਤੀ 28 ਅਤੇ 29 ਵਿਚ ਸੂਚੀਬੱਧ ਲੋੜੀਂਦੀਆਂ ਬਲੀਆਂ ਵਿਚ ਪਸਾਹ ਦੇ ਲੇਲੇ ਨੂੰ ਸ਼ਾਮਲ ਨਹੀਂ ਕੀਤਾ ਗਿਆ।

# ਗਿਣਤੀ 28 ਅਤੇ 29 ਵਿਚ ਦਿੱਤੀਆਂ ਗਈਆਂ ਭੇਟਾਂ ਲਈ ਪੰਚਗ੍ਰੰਥ ਵਿਚ ਹੋਰ ਹਵਾਲੇ

| | ਕੂਚ | ਲੇਵੀਆਂ | ਗਿਣਤੀ | ਬਿਵਸਥਾ ਸਾਰ |
|---|---|---|---|---|
| ਰੋਜ਼ਾਨਾ ਦੀ ਭੇਟ | 29:38-42 | | 28:3-8 | |
| ਹਫ਼ਤਾਵਾਰ ਸਬਤ ਦੀ ਭੇਟ | 23:12; 34:21 | 23:1-3 | 28:9, 10 | |
| ਮਹੀਨਾਵਾਰ ਭੇਟ (ਨਵਾਂ ਚੰਦਰਮਾ) | | | 28:11-15 | |
| ਪਸਾਹ ਤੇ ਭੇਟ ਅਤੇ ਪਤੀਰੀ ਰੋਟੀ ਦਾ ਪਰਬ | 23:15; 34:18-20, 25 | 23:5-14 | 28:16-25 | 16:1-8 |
| ਅਠਵਾਰਿਆਂ ਦੇ ਪਰਬ ਤੇ ਭੇਟ (ਪੈਂਟੀਕਾਸਟ, ਪਹਿਲੇ ਫਲ) | 23:16; 34:22, 26 | 23:15-21 | 28:26-31 | 16:9-12 |
| ਤੁਰ੍ਹੀਆਂ ਦੇ ਪਰਬ ਤੇ ਭੇਟ (ਨਵਾਂ ਸਾਲ) | | 23:23-25 | 29:1-6 | |
| ਪਰਾਸਚਿਤ ਦੇ ਦਿਨ ਤੇ ਭੇਟ | | 16:1-34; 23:26-32 | 29:7-11 | |
| ਡੇਰਿਆਂ ਦੇ ਪਰਬ ਤੇ ਭੇਟ (ਤੰਬੂ, ਇਕੱਠਾ ਕਰਨਾ) | 23:16; 34:22 | 23:33-43 | 29:12-38 | 16:13-15; 31:10 |

# ਇਬਰਾਨੀ ਕਲੰਡਰ

| *ਮਹੀਨੇ ਦੀ ਸੰਖਿਆ* | | *ਇਬਰਾਨੀ ਨਾਮ* | *ਅੱਜ ਦੇ ਸਮੇਂ ਦਾ ਨਾਮ* | *ਪਰਬ* | *ਖੇਤੀਬਾੜੀ* |
|---|---|---|---|---|---|
| ਪਵਿੱਤਰ ਕ੍ਰਮ | ਸਮਾਜਿਕ ਕ੍ਰਮ | | | | |
| 1 | 7 | ਨਿਸਾਨ (ਅਬੀਬ) | ਮਾਰਚ-ਅਪ੍ਰੈਲ | ਪਸਾਹ<br>ਪਤੀਰੀ ਰੋਟੀ | ਬਸੰਤ ਰੁੱਤ, (ਅੰਤਲੀ) ਵਰਖਾ; ਜੌਂ ਅਤੇ ਅਲਸੀ ਦੀ ਵਾਢੀ ਸ਼ੁਰੂ ਹੁੰਦੀ ਹੈ |
| 2 | 8 | ਇਯਰ (ਜ਼ਿਵ) | ਮਾਰਚ-ਅਪ੍ਰੈਲ | | ਜੌਂ ਦੀ ਵਾਢੀ; ਖੁਸ਼ਕ ਮੌਸਮ ਸ਼ੁਰੂ ਹੁੰਦਾ ਹੈ |
| 3 | 9 | ਸਿਵਾਨ | ਮਈ-ਜੂਨ | ਹਫ਼ਤੇ<br>(ਪੈਂਟੀਕਾਸਟ, ਪਹਿਲੇ ਫਲ) | ਕਣਕ ਦੀ ਵਾਢੀ |
| 4 | 10 | ਤਾਮੁਜ਼ | ਜੂਨ-ਜੁਲਾਈ | | ਅੰਗੂਰ ਦੀਆਂ ਬੇਲਾਂ ਲਗਾਉਣਾ |
| 5 | 11 | ਅਬ | ਜੁਲਾਈ-ਅਗਸਤ | | ਅੰਗੂਰਾਂ, ਹੰਜੀਰਾਂ ਅਤੇ ਜੈਤੂਨਾਂ ਦਾ ਪੱਕਣਾ |
| 6 | 12 | ਇਲੁਲ | ਅਗਸਤ-ਸਤੰਬਰ | | ਅੰਗੂਰਾਂ, ਹੰਜੀਰਾਂ ਅਤੇ ਜੈਤੂਨਾਂ ਦੀ ਤਿਆਰੀ ਕਰਨਾ |
| 7 | 1 | ਟਿਸ਼ਰੀ (ਈਥਾਨਿਮ) | ਸਤੰਬਰ-ਅਕਤੂਬਰ | ਤੁਰ੍ਹੀਆਂ<br>ਪਰਾਸਚਿਤ ਦਾ ਦਿਨ<br>ਡੇਹਰੇ (ਤੰਬੂ) | ਪਤਝੜ (ਸ਼ੁਰੂਆਤੀ) ਦੀ ਵਰਖਾ ਸ਼ੁਰੂ ਹੁੰਦੀ ਹੈ; ਹਲ ਵਾਹੁਣਾ |
| 8 | 2 | ਮਾਰਚੈਸ਼ਵਨ (ਬੁਲ) | ਅਕਤੂਬਰ-ਨਵੰਬਰ | | ਕਣਕ ਅਤੇ ਜੌਂ ਬੀਜਣਾ |
| 9 | 3 | ਚਿਸਲੈਵ | ਨਵੰਬਰ-ਦਸੰਬਰ | ਹੱਨੁਕਾਹ (ਸਮਰਪਣ) | ਸਰਦੀ ਦੀ ਵਰਖਾ ਸ਼ੁਰੂ ਹੁੰਦੀ ਹੈ; ਕੁਝ ਇਲਾਕਿਆਂ ਵਿਚ ਬਰਫ ਪੈਂਦੀ ਹੈ |
| 10 | 4 | ਟੀਬੇਥ | ਦਸੰਬਰ-ਜਨਵਰੀ | | |
| 11 | 5 | ਸ਼ੀਬਤ | ਜਨਵਰੀ-ਫਰਵਰੀ | | |
| 12 | 6 | ਅਦਾਰ | ਫਰਵਰੀ-ਮਾਰਚ | ਪੂਰੀਮ | ਬਦਾਮ ਦੇ ਰੁੱਖਾਂ ਦੇ ਫੁੱਲ ਖਿੜਦੇ ਹਨ |
| | | ਅਦਾਰ ਸ਼ੇਨੀ<br>(ਦੂਜਾ ਅਦਾਰ) | *ਹਰ ਤਿੰਨ ਸਾਲਾਂ ਦੇ ਮਹੀਨੇ ਨੂੰ ਜੋੜਿਆ ਗਿਆ ਹੈ ਤਾਂ ਕਿ ਚੰਦਰ ਕਲੰਡਰ ਸੌਰ ਕਲੰਡਰ ਦੇ ਅਨੁਸਾਰ ਹੋਵੇ।* | | |